



## ਮਿਲਕ ਪਲਾਂਟ

ਇਹ ਮਿਲਕ ਪਲਾਂਟ 1973 ਵਿੱਚ ਹੁਸ਼ਿਆਰਪੁਰ ਵਿੱਚ ਹੋਂਦ ਵਿੱਚ ਆਇਆ, ਜੋ ਕਿ ਹੁਸ਼ਿਆਰਪੁਰ-ਅੱਜੋਵਾਲ ਲਿੰਕ ਰੋਡ ਤੇ ਚੁੰਗੀ ਦੇ ਨਜ਼ਦੀਕ ਸਥਿਤ ਹੈ। ਇਸ ਪਲਾਂਟ ਦਾ ਮੁੱਖ ਉਦੇਸ਼ ਸਹਿਕਾਰੀ ਦੁੱਧ ਸਭਾਵਾਂ ਰਾਹੀਂ ਪਿੰਡ ਪੱਧਰ ਤੇ ਦੁੱਧ ਉਤਪਾਦਕਾਂ ਨੂੰ ਦੁੱਧ ਦੇ ਵਾਜਬ ਰੇਟ ਤੇ ਦੁੱਧ ਦੀ ਮਾਰਕੀਟ ਉਪਲੱਬਧ ਕਰਾਉਣਾ, ਪਿੰਡ ਪੱਧਰ ਤੇ ਪਸ਼ੂਆਂ ਦੀ ਨਸਲ ਸੁਧਾਰਨਾ ਤੇ ਦੁੱਧ ਦੀ ਪੈਦਾਵਾਰ ਵਧਾਉਣਾ ਹੈ।

ਛੋਟੇ ਤੇ ਭੂਮੀਹੀਨ ਕਿਸਾਨਾਂ ਦਾ ਸਮਾਜਿਕ ਅਤੇ ਆਰਥਿਕ ਮਿਆਰ ਉੱਚਾ ਚੁੱਕਣ ਲਈ ਡੇਅਰੀ ਅਪਨਾਉਣ ਲਈ ਪ੍ਰੇਰਤ ਕਰਨਾ।

**ਪਿੰਡ ਪੱਧਰ ਤੇ ਚੰਗੇ ਦੁੱਧ ਦੀ ਪੈਦਾਵਾਰ ਕਰਨ ਲਈ ਜਾਗਰੂਕ ਕਰਨਾ**

ਮਿਲਕ ਪਲਾਂਟ ਹੁਸ਼ਿਆਰਪੁਰ ਤੋਂ ਇਲਾਵਾ ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਜ਼ਿਲ੍ਹਿਆਂ ਵਿੱਚ ਤਿੰਨ ਦੁੱਧ ਸ਼ੀਤਲ ਕੇਂਦਰ ਦਸੂਹਾ, ਪਧਰਾਣਾ (ਹੁਸ਼ਿਆਰਪੁਰ) ਅਤੇ ਬਲਾਚੌਰ (ਨਵਾਂਸ਼ਹਿਰ) ਜ਼ਿਲ੍ਹੇ ਵਿੱਚ ਕੰਮ ਕਰ ਰਹੇ ਹਨ, ਜਿੱਥੇ ਦੁੱਧ ਸਭਾਵਾਂ ਤੋਂ ਦੁੱਧ ਇਕੱਤਰ ਕਰਕੇ ਠੰਡਾ ਕੀਤਾ ਜਾਂਦਾ ਹੈ। ਮਿਲਕ ਪਲਾਂਟ ਵਲੋਂ 400 ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਗਠਤ ਕੀਤੀਆਂ ਗਈਆਂ ਹਨ। ਦੁੱਧ ਉਤਪਾਦਕ ਸਭਾਵਾਂ ਦੇ ਕੰਮ ਵਿੱਚ ਪਾਰਦਰਸ਼ਤਾ ਲਿਆਉਣ ਲਈ 45 ਸਭਾਵਾਂ ਦਾ ਕੰਪਿਊਟਰੀਕਰਨ ਕੀਤਾ ਗਿਆ ਹੈ। 75 ਸਭਾਵਾਂ ਵਿੱਚ ਇਲੈਕਟ੍ਰਾਨਿਕ ਮਿਲਕ ਟੈਸਟਿੰਗ ਮਸ਼ੀਨਾਂ ਦੁਆਰਾ ਮੌਕੇ ਤੇ ਟੈਸਟਿੰਗ ਦੀ ਸਹੂਲਤ ਦਿੱਤੀ ਗਈ ਹੈ।

ਪਿੰਡ ਪੱਧਰ ਤੇ ਔਰਤਾਂ ਦਾ ਮਿਆਰ ਉੱਚਾ ਚੁੱਕਣ ਲਈ ਪੰਜਾਬ, ਇਸਤਰੀ ਡੇਅਰੀ ਪ੍ਰੋਜੈਕਟ ਤਿੰਨ ਸਾਲਾਂ ਲਈ ਜੁਲਾਈ, 2003 ਤੋਂ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਜੈਕਟ ਤਹਿਤ ਤਿੰਨ ਸਾਲਾਂ ਵਿੱਚ ਲੱਗਭੱਗ 180 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਹੁਣ ਤੱਕ 14 ਪਿੰਡਾਂ ਵਿੱਚ ਇਹ ਪ੍ਰੋਜੈਕਟ ਲਾਗੂ ਕਰ ਦਿੱਤਾ ਗਿਆ ਹੈ। ਤਿੰਨ ਸਾਲਾਂ ਵਿੱਚ ਇਸ ਪ੍ਰੋਜੈਕਟ ਤਹਿਤ 60 ਪਿੰਡ ਲਿਆਂਦੇ ਜਾਣਗੇ। ਪਿੰਡ ਪੱਧਰ ਤੇ ਔਰਤਾਂ ਨੂੰ ਅਸਾਨ ਕਿਸ਼ਤਾਂ ਤੇ ਕਰਜ਼ਾ ਦੇਣ ਲਈ 40 ਸੈਲਫ ਹੈਲਫ ਗਰੁੱਪ ਕੰਮ ਕਰ ਰਹੇ ਹਨ, ਜਿਨ੍ਹਾਂ ਦੇ 814 ਮੈਂਬਰ ਹਨ ਤੇ ਲੱਗਭੱਗ 18 ਲੱਖ ਰੁਪਏ ਕਰਜ਼ੇ ਵਜੋਂ ਵੰਡੇ ਗਏ ਹਨ। ਪਸ਼ੂਆਂ ਦੀ ਚੰਗੀ ਸਿਹਤ ਲਈ ਵੇਰਕਾ ਪਸ਼ੂ ਖੁਰਾਕ ਮੁਹੱਈਆ ਕਰਾਈ ਜਾਂਦੀ ਹੈ। ਪਸ਼ੂਆਂ ਨੂੰ ਬੀਮਾਰੀਆਂ ਤੋਂ ਬਚਾਉਣ ਲਈ ਟੀਕਾਕਰਨ ਕੀਤਾ ਜਾਂਦਾ ਹੈ। ਚੰਗੀ ਨਸਲ ਦੇ ਪਸ਼ੂਆਂ ਦੇ ਟੀਕੇ ਸਭਾਵਾਂ ਰਾਹੀਂ ਦਿੱਤੇ ਜਾਂਦੇ ਹਨ।

ਦੁੱਧ ਉਤਪਾਦਕਾਂ ਨੂੰ ਹਾੜ੍ਹੀ ਅਤੇ ਸਾਉਣੀ ਦੇ ਹਰੇ ਚਾਰੇ ਦੇ ਸੁਧਰੇ ਬੀਜਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਮਿਲਕ ਪਲਾਂਟ ਵਲੋਂ 1 ਹਜ਼ਾਰ ਵਿਅਕਤੀਆਂ ਨੂੰ ਸਿੱਧੇ ਤੌਰ ਤੇ, 12 ਹਜ਼ਾਰ ਵਿਅਕਤੀਆਂ ਨੂੰ ਅਸਿੱਧੇ ਤੌਰ ਤੇ ਰੋਜ਼ਗਾਰ ਦਿੱਤਾ ਜਾਂਦਾ ਹੈ।

ਮਿਲਕ ਪਲਾਂਟ ਵਲੋਂ ਖਪਤਕਾਰਾਂ ਨੂੰ ਸਾਫ਼ ਸੁਥਰਾ ਪੈਸਚੁਰਾਈਜ਼ਡ ਦੁੱਧ ਸਪਲਾਈ ਕੀਤਾ ਜਾਂਦਾ ਹੈ। ਇਹ ਦੁੱਧ, ਦਹੀ, ਪਨੀਰ ਹਿਮਾਚਲ ਰਾਜ ਵਿੱਚ ਵੀ ਭੇਜਿਆ ਜਾਂਦਾ ਹੈ। ਖਪਤਕਾਰਾਂ ਨੂੰ ਵੇਰਕਾ ਘਿਓ, ਲੱਸੀ, ਪਨੀਰ, ਦਹੀ, ਮੱਖਣ, ਰਸੀਲਾ ਵੇਰਕਾ, ਕਾਜੂ ਪਿੰਨੀ, ਪਾਊਡਰ ਆਦਿ ਸਪਲਾਈ ਕੀਤਾ ਜਾਂਦਾ ਹੈ।

**ਮਾਰਕੀਟਿੰਗ ਸਭਾਵਾਂ**

ਇਸ ਜ਼ਿਲ੍ਹੇ ਵਿੱਚ ਪੰਜ ਮਾਰਕੀਟਿੰਗ ਸਭਾਵਾਂ ਹੁਸ਼ਿਆਰਪੁਰ, ਗੜ੍ਹਸ਼ੰਕਰ, ਦਸੂਹਾ, ਟਾਂਡਾ ਅਤੇ ਮੁਕੇਰੀਆਂ ਵਿਖੇ ਕੰਮ ਕਰ ਰਹੀਆਂ ਹਨ। ਜੋ ਕਿ ਫਸਲਾਂ ਦਾ ਪਰਕਿਊਰਮੈਂਟ ਸਹਿਕਾਰੀ ਸਭਾਵਾਂ ਅਤੇ ਕਿਸਾਨਾਂ ਨੂੰ ਖਾਦ ਦੀ

ਸਪਲਾਈ, ਸਭਾਵਾਂ ਨੂੰ ਜ਼ਰੂਰੀ ਵਸਤਾਂ ਸਪਲਾਈ ਆਦਿ ਦਾ ਕੰਮ ਕਰ ਰਹੀਆਂ ਹਨ।

**ਜ਼ਿਲ੍ਹਾ ਸਹਿਕਾਰੀ ਯੂਨੀਅਨ**

ਇਸ ਜ਼ਿਲ੍ਹੇ ਵਿੱਚ ਇੱਕ ਜ਼ਿਲ੍ਹਾ ਸਹਿਕਾਰੀ ਯੂਨੀਅਨ ਹੁਸ਼ਿਆਰਪੁਰ ਵਿਖੇ ਕੰਮ ਕਰ ਰਹੀ ਹੈ। ਇਹ ਯੂਨੀਅਨ ਪ੍ਰਿੰਟਿੰਗ ਪ੍ਰੈਸ ਦਾ ਕੰਮ ਕਰਦੀ ਹੈ ਜੋ ਕਿ ਜ਼ਿਲ੍ਹੇ ਦੀਆਂ ਸਹਿਕਾਰੀ ਸਭਾਵਾਂ ਅਤੇ ਸੰਸਥਾਵਾਂ ਨੂੰ ਪ੍ਰਿੰਟਿੰਗ ਮੈਟੀਰੀਅਲ ਅਤੇ ਸਟੇਸ਼ਨਰੀ ਆਦਿ ਸਪਲਾਈ ਕਰ ਰਹੀ ਹੈ।

**ਲੇਬਰ ਯੂਨੀਅਨ**

ਇਸ ਜ਼ਿਲ੍ਹੇ ਵਿੱਚ ਇੱਕ ਲੇਬਰ ਯੂਨੀਅਨ ਹੁਸ਼ਿਆਰਪੁਰ ਵਿਖੇ ਕੰਮ ਕਰ ਰਹੀ ਹੈ। ਜਿਸ ਦੀਆਂ 36 ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਮੈਂਬਰ ਹਨ। ਇਹ ਸਭਾਵਾਂ ਸਰਕਾਰੀ ਅਤੇ ਪ੍ਰਾਈਵੇਟ ਕੰਮ ਤੇ ਠੇਕੇ ਲੈ ਕੇ ਉਸਾਰੀ ਦਾ ਕੰਮ ਕਰ ਰਹੀਆਂ ਹਨ।